# ਆਓ ਬਚਿਓ  ਮੈਂ ਸੁਣਾਵਾਂ

ਆਓ ਬਹਿਓ ਮੈਂ ਸੁਣਾਵਾਂ
ਸਚੀ ਇਕ ਕਹਾਣੀ
ਜੋ ਕਹਾਣੀ ਸੁਣਨਾ ਚਾਹੇ
ਹਰ ਇਕ ਹਿੰਦੁਸਤਾਨੀ

ਲੰਦਨ ਵਿਚ ਸੀ ਰਾਜਾ ਹੁੰਦਾ
ਇਕ ਹੁੰਦੀ ਸੀ ਰਾਣੀ
ਹਿੰਦੁਸਤਾਨੀ ਪਾਣੀ ਭਰਦੇ
ਕਰਦੇ ਪਾਏ ਗੁਲਾਮੀ

ਵਖਰੇ ਵਖਰੇ  ਥਾਈਂ  ਬਹੇ ਕੇ
ਮੁੰਡਿਆਂ ਨੇ ਗਲ ਠਾਣੀ
ਇੰਦਾਂ ਮਾਰ ਭਜਾਣੇ  ਗੋਰੇ
ਮੰਗ ਨਾਂ ਸੱਕਣ ਪਾਣੀ

ਇਕਨਾਂ ਨੇ ਤਾਂ ਬੰਬ ਬਣਾ ਕੇ
ਵਿਧਾਨ ਸਭਾ  ਵਿਚ ਸੁੱਟੇ
ਕੁਝ ਹੋਰਾਂ ਨੇ ਗੋਲੀ ਦੇ ਨਾਲ
ਮਾਰ ਕੇ ਗੋਰੇ ਸੁੱਟੇ

ਗੋਰੇ ਗੁੱਸੇ ਦੇ ਵਿਚ   ਪਾਗਲ
ਫਾਂਸੀਆਂ ਲਈ ਜਾਂਦੇ ਸੀ
ਆਪਣੇ ਕਫਨ ਦੇ ਉੱਤੇ ਆਪੇ
ਕਿੱਲਾਂ ਲਾਈ ਜਾਂਦੇ ਸੀ

ਅਧੀ ਰਾਤੀਂ ਭਾਰਤ ਛਡ ਕੇ
ਗੋਰੇ ਲੰਦਨ ਧਾਏ ਸੀ
ਦੇਸ਼ ਮੇਰੇ ਦੇ ਲੋਕਾਂ ਉਸ ਦਿਨ
ਰੱਜ ਕੇ ਭੰਗੜੇ ਪਾਏ ਸੀ

ਮੇਹੰਗੇ ਮੁੱਲੋਂ ਮਿਲੀ ਆਜ਼ਾਦੀ
ਏਵੇਂ  ਨਹੀਂ ਗਵਾਣੀ
ਵੱਡੇ ਹੋ ਕੇ ਬਣਨਾ ਬਚਿਓ
ਸਚੇ ਹਿੰਦੁਸਤਾਨੀ